
ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times 28 ਨਵੰਬਰ 2023 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਰਾਸ਼ਟਰੀ ਕਾਵਿ ਸਾਗਰ ਨੇ ਆਗਮਨ ਪੁਰਬ ਨੂੰ ਸਮਰਪਿਤ ਕਾਵਿ ਗੋਸ਼ਠੀ ਕਰਵਾਈ



ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ

ਚੰਡੀਗੜ੍ਹ 28 ਨਵੰਬਰ : ਰਾਸ਼ਟਰੀ ਕਾਵਿ ਸਾਗਰ ਨੇ ਗੁਰਪੁਰਬ ਨੂੰ ਸਮਰਪਿਤ ਕਵਿ ਗੋਸ਼ਠੀ ਕਾਰਵਾਈ ।ਜਿਸ ਵਿਚ ਦੇਸ਼ ਵਿਦੇਸ਼ ਤੋਂ 35 ਕਵੀਆਂ ਨੇ ਭਾਗ ਲਿਆ। ਰਾਸ਼ਟਰੀ ਕਾਵਿ ਸਾਗਰ ਦੀ ਪ੍ਰਧਾਨ ਆਸ਼ਾ ਸ਼ਰਮਾ ਤੇ ਸੰਚਾਲਕ ਡਾ. ਉਮਾ ਸ਼ਰਮਾ ਜੀ ਨੇ ਸ਼ਾਮਿਲ ਕਵੀਆਂ ਦਾ ਸਭਾ ਵਲੋਂ ਨਿੱਘਾ ਸਵਾਗਤ ਕੀਤਾ ਅਤੇ ਸਭਾ ਦੀ ਗਤੀ ਵਿਧੀਆਂ ਬਾਰੇ ਜਾਣਕਾਰੀ ਦਿੱਤੀ। ਸਭਾ ਅਲੱਗ ਅਲੱਗ ਸਮੇਂ ਤੇ ਸਮਾਜ ਸੇਵਾ ਵੀ ਕਰਦੀ ਹੈ। ਆਸ਼ਾ ਜੀ ਨੇ ਦੱਸਿਆ 15 ਮੈਂਬਰਾਂ ਦੀ ਸਭਾ ਹੁਣ 245 ਮੈਂਬਰਾਂ ਦੀ ਸਭਾ ਬਣ ਚੁੱਕੀ ਹੈ। ਜਿਸ ਵਿਚ ਦੇਸ਼ ਦੇ ਹਰ ਪ੍ਰਾਂਤ ਤੋਂ ਕਵੀ ਜੁੜੇ ਹਨ ।ਵਿਦੇਸ਼ਾਂ ਦੇ ਕਈ ਲਿਖਾਰੀ, ਦੂਰਦਰਸ਼ਨ ਅਤੇ ਰੇਡੀਓ ਦੇ ਸੰਚਾਲਕ ਵੀ ਜੁੜੇ ਹਨ।
ਇਸ ਪ੍ਰੋਗਰਾਮ ਵਿਚ ਸ਼੍ਰੀਮਤੀ ਗੁਰਦੀਪ ਗੁਲ ਚੰਡੀਗੜ੍ਹ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ।ਸਮਾਣਾ ਤੋਂ ਸ਼੍ਰੀ ਤਰਲੋਚਨ ਮੀਰ ਜੀ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਏ । ਡਾ.ਉਮਾ ਜੀ ਨੇ ਬਹੁਤ ਹੀ ਖੂਬਸੂਰਤ ਢੰਗ ਨਾਲ ਮੰਚ ਸੰਚਾਲਨ ਕੀਤਾ। ਸਭ ਕਵੀਆਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਅਤੇ ਹੋਰ ਵਿਸ਼ਿਆਂ ਤੇ ਰਚਨਾਵਾਂ ਪੜ੍ਹ ਕੇ ਸਭ ਨੂੰ ਭਾਵੁਕ ਕਰ ਦਿੱਤਾ ।
ਇਸ ਪ੍ਰੋਗਰਾਮ ਵਿੱਚ ਆਸ਼ਾ ਸ਼ਰਮਾ, ਡਾ ਉਮਾ ਸ਼ਰਮਾ,ਸਰੋਜ ਚੋਪੜਾ,ਹਰਜਿੰਦਰ ਕੌਰ,ਪਰਵੀਨ ਕੌਰ, ਤਰਲੋਚਨ ਮੀਰ ,ਗੁਰਦੀਪ ਗੁਲ, ਦੇਵਿੰਦਰ ਧਾਲੀਵਾਲ, ਜਾਗ੍ਰਤੀ ਗੌੜ, ਤਰਲੋਚਨ ਕੌਰ, ਮਨਜੀਤ ਆਜ਼ਾਦ, ਵਤਨਵੀਰ ਸਿੰਘ, ਪਰਮਪ੍ਰੀਤ ਕੌਰ, ਨਿਰਲੇਪ ਸੇਖੋਂ, ਇਰਾਦੀਪ, ਅੰਜੂ ਅਮਨਦੀਪ ਗਰੋਵਰ, ਡਾ. ਸੁਦੇਸ਼ ਚੁੱਘ, ਪਰਕਾਸ਼ ਕੌਰ ਪਾਸਨ, ਸਿਮਰਪਾਲ ਕੌਰ, ਰਾਣੀ ਨਾਰੰਗ, ਅਮਰਜੀਤ ਮੋਰਿੰਡਾ, ਸੁਖਵਿੰਦਰ ਸਿੰਘ, ਡਾ.ਵੀਨਾ , ਡਾ. ਰਵਿੰਦਰ ਕੌਰ ਭਾਟੀਆ, ਡਾ. ਸਤਿੰਦਰ ਬੁੱਟਰ, ਸੀਮਾ ਸ਼ਰਮਾ, ਰਿਪੁਦਮਨ, ਡਾ. ਹਰਜੀਤ ਸਿੰਘ ਸੱਧਰ, ਉਰਮਿਲ ਬਜਾਜ, ਪੋਲੀ ਬਰਾੜ, ਤ੍ਰੈਲੋਚਨ ਲੋਚੀ, ਅਨੀਤਾ ਰਲ੍ਹਹਨ ਨੇ ਅਪਣੀ ਕਾਵਿਤਾਵਾਂ ਨਾਲ ਸਮਾ ਬੰਨ੍ਹ ਦਿੱਤਾ। ਡਾ. ਉਮਾ ਜੀ ਦੇ ਸੰਚਾਲਨ ਦੀ ਸਭ ਤੋ ਵਾਹ ਵਾਹ ਖੱਟੀ । ਅੰਤ ਵਿੱਚ ਰਾਸ਼ਟਰੀ ਕਾਵ ਸਾਗਰ ਦੀ ਪ੍ਰਧਾਨ ਆਸ਼ਾ ਸ਼ਰਮਾ ਨੇ ਸਭ ਸਾਹਿਤਕਾਰਾਂ ਦਾ ਧੰਨਵਾਦ ਕੀਤਾ । ਪ੍ਰੋਗਰਾਮ ਸਫਲ ਹੋ ਨਿਬੜਿਆ।

## ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਵੱਲੋਂ ਗੁਰਪੁਰਬ ਮੌਕੇ ਅੱਖਾਂ ਦਾ ਵਿਸ਼ਾਲ ਮੁਫ਼ਤ ਲੈਂਜ ਕੈਂਪ

### ਬਾਬੇ ਨਾਨਕ ਨੇ ਆਪਣਾ ਸਾਰਾ ਜੀਵਨ ਮਾਨਵਤਾ ਦੀ ਸੇਵਾ ’ਚ ਲਾ ਦਿੱਤਾ : ਸਵਾਮੀ ਬ੍ਰਹਮ ਮੁਨੀ ਸ਼ਾਸ਼ਤਰੀ

### ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ : ਸੰਤ ਰਿਸ਼ੀ ਰਾਮ



ਵਰਲਡ ਪੰਜਾਬੀ ਟਾਈਮਜ਼ ਟਿੱਕੂ ਕੁਮਾਰ

ਕੋਟਕਪੂਰਾ, 28 ਨਵੰਬਰ : ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਜੈਤੋ ਵੱਲੋਂ ਜਗਤ ਗੁਰੂ ਨਾਨਕ ਦੇਵ ਜੀ ਦੇ 554ਵੇਂ ਗੁਰਪੁਰਬ ਮੌਕੇ ਪੰੁਨਿਆ ਦੇ ਸ਼ੱੁਭ ਦਿਹਾੜੇ ਨੂੰ ਸਮਰਪਿਤਗਰੀਬ ਤੇ ਜ਼ਰੂਰਤਮੰਤ ਮਰੀਜ਼ਾਂ ਲਈ ਅੱਖਾਂ ਦਾ ਵਿਸ਼ਾਲ ਮੁਫ਼ਤ ਲੈਂਜ ਕੈਂਪ ਮਾਤਾ ਅਮਰ ਕੌਰ ਅੱਖਾਂ ਦਾ ਹਸਪਤਾਲ ਚੈਨਾ ਰੋਡ ਜੈਤੋ ਵਿਖੇਲਾਇਆ ਗਿਆ। ਕੈਂਪ ਦਾ ਰਸਮੀ ਉਦਘਾਟਨ ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਦੇ ਚੀਫ਼ ਪੈਟਰਨ ਸਵਾਮੀ ਬ੍ਰਹਮ ਮੁਨੀ ਸ਼ਾਸ਼ਤਰੀ ਜਲਾਲ ਵਾਲਿਆਂ ਅਤੇ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਚੈਨਾ ਰੋਡ ਜੈਤੋ ਦੇ ਪ੍ਰਧਾਨ, ਮਾਤਾ ਅਮਰ ਕੌਰ ਅੱਖਾਂ ਦਾ ਹਸਪਤਾਲ ਚੈਨਾ ਰੋਡ ਜੈਤੋ ਦੇ ਸੰਚਾਲਕ ਅਤੇ ਗੰਗਸਰ ਸਪੋਰਟਸ ਕਲੱਬ ਜੈਤੋ ਦੇ ਸਰਪ੍ਰਸਤ ਸੰਤ ਰਿਸ਼ੀ ਰਾਮ ਜਲਾਲ ਵਾਲਿਆਂ ਨੇ ਸਾਂਝੇ ਤੌਰ ’ਤੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਬੋਲਦਿਆਂ ਸਵਾਮੀ ਬ੍ਰਹਮ ਮੁਨੀ ਸ਼ਾਸ਼ਤਰੀ ਜਲਾਲ ਵਾਲਿਆਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਉੱੁਪਰ ਚਾਨਣਾ ਪਾਉਂਦਿਆਂ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਸੱਮੁਚੀ ਮਾਨਵਤਾ ਦੇ ਸਾਂਝੇ ਗੁਰੂ ਹਨ ਅਤੇ ਉਹਨਾਂ ਨੇ ਆਪਣਾ ਸਾਰਾ ਜੀਵਨ ਮਾਨਵਤਾ ਦੀ ਸੇਵਾ ਵਿਚ ਲਾ ਦਿੱਤਾ। ਉਨਾਂ ਨੇ ਸਿਰਫ਼ ਭਾਰਤ ਹੀ ਨਹੀਂ ਸਗੋਂ ਅਫਗਾਨਿਸਤਾਨ, ਇਰਾਨ ਅਤੇ ਅਰਬ ਦੇਸ਼ਾਂ ਵਿਚ ਜਾ ਕੇ ਵੀ ਲੋਕਾਂ ਨੂੰ ਸੱਚ ਦੇ ਮਾਰਗ ’ਤੇ ਚਲਣ ਦੇ ਉਪਦੇਸ਼ ਦਿੱਤੇ। ਇੱਕ ਪਰਮਾਤਮਾ ਨੂੰ ਮੰਨਣਾ, ਵਹਿਮ-ਭਰਮ, ਪਾਖੰਡਾ ਤੋਂ ਦੂਰ ਰਹਿਣਾ, ਮਾਨਵਤਾ ਦੀ ਸੇਵਾ ਕਰਨਾ ਆਦਿ ਸਿੱਖਿਆਵਾਂ ਗੁਰੂ ਜੀ ਦੀ ਦੇਣ ਹਨ। ਸਾਨੂੰ ਵੀ ਇਹਨਾਂ ਸਿੱਖਿਆਂਵਾ ਨੂੰ ਆਪਣੇ ਜੀਵਨ ਵਿਚ ਅਪਨਾਉਣਾ ਚਾਹੀਦਾ ਹੈ ਅਤੇ ਮਾਨਵਤਾ ਦੀ ਭਲਾਈ ਲਈ ਕੰਮ ਕਰਨੇ ਚਾਹੀਦੇ ਹਨ। ਇਸ ਮੌਕੇ ਸੰਤ ਰਿਸ਼ੀ ਰਾਮ ਜਲਾਲ ਵਾਲਿਆਂ ਨੇ ਕਿਹਾ ਕਿ ਅੱਜ ਸੰਸਾਰ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਕਿਰਤ ਕਰੋ ਤੇ ਵੰਡ ਛਕੋ ਤੇ ਪਹਿਰਾ ਦੇਣ ਦੀ ਜ਼ਰੂਰਤ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਕਿੰਨਾ ਸਮਾਂ ਪਹਿਲਾਂ ਹੀ ਔਰਤ ਨੂੰ ਸਮਾਜ ਅੰਦਰ ਬਰਾਬਰਤਾ ਦਾ ਅਧਿਕਾਰ ਦੇਣ ਦੀ ਗੱਲ ਕੀਤੀ ਤੇ ਕਿਹਾ ਕਿ ਰਾਜਾ ਮਹਾਰਾਜਾ, ਰਿਸ਼ੀ ਮੁਨੀਆਂ ਨੂੰ ਜਨਮ ਦੇਣ ਵਾਲੀ ਬਾਰੇ ਮੰਦਾ ਨਹੀਂ ਬੋਲਿਆ ਜਾਣਾ ਚਾਹੀਦਾ। ਉਨਾਂ ਕਿਹਾ ਕਿ ਸੰਸਾਰ ਵਿਚ ਗਰੀਬ ਦੀ ਸੇਵਾ ਪਰਮਾਤਮਾ ਦੀ ਸੇਵਾ ਕਰਨ ਦੇ ਬਰਾਬਰ ਹੈ ਤੇ ਸਮਾਜ ਸੇਵੀ ਸੰਸਥਾਵਾਂ ਵਧਾਈ ਦੀਆਂ ਪਾਤਰ ਹਨ ਜੋ ਇਸ ਜ਼ਮਾਨੇ ਵਿਚ ਵੀ ਜ਼ਰੂਰਤਮੰਦਾਂ ਦੀ ਬਾਂਹ ਫੜਦੀਆਂ ਹਨ। ਉਨਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ। ਲੋੜਵੰਦਾਂ ਦੀ ਸਹਾਇਤਾ ਕਰਕੇ ਜੋ ਸਕੂਨ ਮਿਲਦਾ ਹੈ ਉਹ ਹੋਰ ਕਿਤੋਂ ਨਹੀਂ ਮਿਲਦਾ। ਇਸ ਲਈ ਆਓ ਆਪਣੇ ਸਮੇਂ ਵਿਚੋਂ ਕੁੱਝ ਨਾ ਕੁੱਝ ਸਮਾਂ ਦੁਖੀਆਂ, ਗਰੀਬਾਂ ਤੇ ਬੀਮਾਰਾਂ ਦੀ ਸੇਵਾ ਸੰਭਾਲ ’ਚ ਲਾ ਕੇ ਆਪਣਾ ਮਨੁੱਖਾ ਜੀਵਨ ਸਫ਼ਲ ਬਣਾਉਣ ਦਾ ਚਾਰਾ ਕਰੀਏ। ਸੰਤ ਰਿਸ਼ੀ ਰਾਮ ਜਲਾਲ ਵਾਲਿਆਂ ਨੇ ਦੱਸਿਆ ਕਿ ਅੱਖਾਂ ਦੇ ਇਸ ਵਿਸ਼ਾਲ ਮੁਫ਼ਤ ਲੈਂਜ ਕੈਂਪ ’ਚ ਅੱਖਾਂ ਦੇ ਆਪ੍ਰੇਸ਼ਨਾਂ ਦੇ ਮਾਹਿਰ ਡਾਕਟਰ ਦੀਪਕ ਗਰਗ, ਡਾ. ਮੋਨਿਕਾ ਬਲਿਆਨ ਅਤੇ ਡਾ. ਭੁਪਿੰਦਰਪਾਲ ਕੌਰ ਨੇ ਲਗਭਗ 750 ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਕੇ 225 ਮਰੀਜ਼ ਆਪ੍ਰੇਸ਼ਨ ਲਈ ਚੁਣੇ, ਜਿੰਨਾਂ ਦੇ ਆਉਣ ਵਾਲੇ ਦਿਨਾਂ ਅੰਦਰ ਮੁਫ਼ਤ ਆਪ੍ਰੇਸ਼ਨ ਕੀਤੇ ਜਾਣਗੇ। ਸੰਤ ਰਿਸ਼ੀ ਰਾਮ ਜਲਾਲ ਵਾਲਿਆਂ ਨੇ ਦੱਸਿਆ ਕਿ ਜਿੰਨਾਂ ਮਰੀਜ਼ਾਂ ਨੂੰ ਸੂਗਰ, ਬਲੱਡ ਪ੍ਰੈਸ਼ਰ ਜਾਂ ਦਿਲ ਦਾ ਰੋਗ ਸੀ ਉਹਨਾਂ ਨੂੰ ਸਿਰਫ਼ ਦਵਾਈ ਦਿੱਤੀ ਗਈ। ਮਰੀਜ਼ਾਂ ਲਈ ਰਹਿਣ-ਸਹਿਣ ਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਸੁਸਾਇਟੀ ਵੱਲੋਂ ਮੁਫ਼ਤ ਕੀਤਾ ਗਿਆ। ਇਸ ਮੌਕੇ ਸਾਬਕਾ ਮੈਨੇਜਰ ਮੇਜਰ ਸਿੰਘ ਗੋਂਦਾਰਾ ਡੇਲਿਆਂਵਾਲੀ, ਜਸਵਿੰਦਰ ਸਿੰਘ ਪਟਵਾਰੀ, ਜਗਦੀਸ਼ ਸਿੰਘ ਸਰਾਵਾਂ, ਪਿਆਰੇ ਲਾਲ ਸ਼ਰਮਾ, ਮਹਿੰਦਰ ਸਿੰਘ ਨਿਰਵਾਨ, ਸੁਰਜੀਤ ਸਿੰਘ ਅਰੋੜਾ ਰੋੜੀਕਪੂਰਾ, ਸਤਵਿੰਦਰਪਾਲ ਸਿੰਘ ‘ਸੱਤੀ’ ਅੰਗਰੋਈਆ, ਤੇਜਿੰਦਰ ਸਿੰਘ ਬਰਾੜ, ਗਗਨਦੀਪ ਸਿੰਘ ਰੋੜੀਕਪੂਰਾ, ਹਰਿੰਦਰ ਸਿੰਘ ਲੰਡੇ, ਜਗਮੀਤ ਸਿੰਘ ਮੱਲਣ, ਜਸਨਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਮਨੀ ਸਿੰਘ, ਗੁਰਪ੍ਰੀਤ ਸਿੰਘ ਬਾਜਾਖਾਨਾ, ਹਰਪ੍ਰੀਤ ਸਿੰਘ , ਅਮਨ ਸਿੰਘ ਕਾਉਣੀ, ਕਰਨ ਸਿੰਘ ਜਲਾਲ, ਬਾਗੜ ਸਿੰਘ ਫ਼ੋਜੀ, ਬਿੰਦਰ ਸਿੰਘ ਆਦਿ ਹਾਜ਼ਰ ਸਨ। ਅੰਤ ਵਿਚ ਸੁਸਾਇਟੀ ਵੱਲੋਂ ਡਾਕਟਰਾਂ, ਸਹਿਯੋਗੀ ਤੇ ਪਤਵੰਤੇ ਸੱਜਣਾਂ ਨੂੰ ਯਾਦਗਾਰੀ ਸਨਮਾਨ ਚਿੰਨ ਦੇ ਕੇ ਵਿਸ਼ੇਸ਼ ਤੌਰ ’ਤੇ ਸਨਮਾਨਤ ਕੀਤਾ ਗਿਆ।

## ‘ਪੀਪਲਜ਼ ਫੋਰਮ ਬਰਗਾੜੀ’ ਲਿਟਰੇਰੀ ਫੈਸਟੀਵਲ ਕਰਾਉਣ ਦਾ ਫੈਸਲਾ

### ਕੁੰਜੀਵਤ ਭਾਸ਼ਣ, ਪੁਸਤਕ ਪ੍ਰਦਰਸ਼ਨੀਆਂ, ਨਾਟਕ ਆਦਿ ’ਤੇ ਹੋਵੇਗੀ ਚਰਚਾ

ਵਰਲਡ ਪੰਜਾਬੀ ਟਾਈਮਜ਼ ਟਿੱਕੂ ਕੁਮਾਰ

PEOPLE'S FORUM
BARGARI, PUNJAB
NGO ESTD. 2000
ਸਿਹਤ, ਸਿੱਖਿਆ, ਸੱਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਲਈ ਪ੍ਰਤੀਬੱਧ
ਪੀਪਲਜ਼ ਫ਼ੋਰਮ®
ਬਰਗਾੜੀ, ਪੰਜਾਬ
www.peoplesforumpunjab.org

ਕੋਟਕਪੂਰਾ, 28 ਨਵੰਬਰ : ਸਾਹਿਤ, ਸਿੱਖਿਆ, ਸਿਹਤ ਅਤੇ ਵਾਤਾਵਰਣ ਦੇ ਖੇਤਰ ਵਿੱਚ ਅਹਿਮ ਕਾਰਜ ਕਰ ਰਹੀ ‘ਪੀਪਲਜ਼ ਫੋਰਮ ਬਰਗਾੜੀ ਪੰਜਾਬ’ ਵਲੋਂ ਕਰਵਾਏ ਜਾਂਦੇ ਸਲਾਨਾ ਲਿਟਰੇਰੀ ਫੈਸਟੀਵਲ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸੰਸਥਾ ਦੇ ਪ੍ਰਧਾਨ ਖੁਸ਼ਵੰਤ ਬਰਗਾੜੀ, ਰਾਜਪਾਲ ਸਿੰਘ, ਗੁਰਪ੍ਰੀਤ ਸਿੰਘ, ਸਟਾਲਨਜੀਤ ਸਿੰਘ, ਗੁਰਵਿੰਦਰ ਸਿੰਘ ਆਦਿ ਨੇ ਦੱਸਿਆ ਕਿ ‘ਪੀਪਲਜ਼ ਫੋਰਮ ਬਰਗਾੜੀ’ ਪੰਜਾਬ ਵਲੋਂ ਚਾਰ ਰੋਜਾ ਲਿਟਰੇਰੀ ਫੈਸਟੀਵਲ ਟੀਚਰਜ਼ ਹੋਮ ਬਠਿੰਡਾ ਵਿਖੇ 24, 25, 26 ਅਤੇ 27 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਕੁੰਜੀਵਤ ਭਾਸ਼ਣ, ਪੁਸਤਕ ਪ੍ਰਦਰਸ਼ਨੀਆਂ, ਸਾਹਿਤਕ ਵਿਚਾਰ ਚਰਚਾ, ਫਿਲਮ ਸ਼ੋਅ, ਨਾਟਕ, ਸਮਕਾਲੀ ਸਰੋਕਾਰਾਂ ’ਤੇ ਚਰਚਾ ਆਦਿ ਕਰਵਾਏ ਜਾਣਗੇ। ਇਸ ਮੇਲੇ ਦੌਰਾਨ ਪ੍ਰਸਿੱਧ ਨਾਟਕਕਾਰ, ਲੇਖਕ, ਉਸਾਰੂ ਫਿਲਮਾਂ ਦੇ ਡਾਇਰੈਕਟਰ, ਬੁੱਧੀਜੀਵੀ ਆਦਿ ਲੋਕਾਂ ਦੇ ਰੂਬਰੂ ਹੋਣਗੇ। ਇਸ ਮੌਕੇ ਵਿਜੈ ਬਰਗਾੜੀ, ਅੰਮ੍ਰਿਤਲਾਲ ਜੋਸ਼ੀ, ਅਮਰਜੀਤ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਵਿਰਕ, ਡਾ ਲਖਵਿੰਦਰ ਸਿੰਘ ਸ਼ਰਮਾ, ਰੁਪਿੰਦਰ ਵਰਮਾ, ਜਸਵਿੰਦਰ ਸਿੰਘ ਬਰਗਾੜੀ, ਕੁਲਵੰਤ ਸਿੰਘ, ਰੰਗ ਹਰਜਿੰਦਰ, ਅਮੋਲਕ ਸਿੰਘ, ਮੰਪੀ ਸਿੰਘ, ਮੰਗਤ ਸ਼ਰਮਾ, ਮਹਿੰਦਰਪਾਲ ਸਿੰਘ, ਸੰਦੀਪ ਸਿੰਘ ਆਦਿ ਵੀ ਹਾਜਰ ਸਨ।

## ਨਿਊਜ਼ੀਲੈਂਡ ਸਿੱਖ ਖੇਡਾਂ ਮੌਕੇ 2 ਡਾਲਰ ਵਾਲੀ ਡਾਕ-ਟਿਕਟ ਜਾਰੀ




ਵਰਲਡ ਪੰਜਾਬੀ ਟਾਈਮਜ਼

ਨਿਊਜ਼ੀਲੈਂਡ
28 ਨਵੰਬਰ : ਨਿਊਜੀਲੈਂਡ ਸਰਕਾਰ ਨੇ ਨਿਊਜ਼ੀਲੈਂਡ ਸਿੱਖ ਖੇਡਾ ਦੇ ਦੌਰਾਨ ਇਕ ਮਹਾਨ ਫੈਸਲਾ ਲਿਆ ਹੈ । ਸਿੱਖ ਖੇਡਾਂ ਮੌਕੇ ਇਸ ਵਰੇ ਨਿਊਜ਼ੀਲੈਂਡ ਸਰਕਾਰ ਨੇ 2 ਡਾਲਰ ਵਾਲੀ ਡਾਕ-ਟਿਕਟ ਜਾਰੀ ਕੀਤੀ ਗਈ। ਇਸ ਡਾਕ-ਟਿਕਟ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਉੱਪਰ ਗੁਰਮੁਖੀ ਵਿੱਚ ” ਨਿਊਜ਼ੀਲੈਂਡ ਸਿੱਖ ਖੇਡਾਂ ” ਲਿਖਿਆ ਗਿਆ ਹੈ। ਵਿਦੇਸ਼ੀ ਧਰਤੀ ’ਤੇ ਗੁਰਮੁਖੀ ਵਿੱਚ ਡਾਕ-ਟਿਕਟ ਜਾਰੀ ਹੋਣ ’ਤੇ ਸਮੂਹ ਪੰਜਾਬੀਆਂ ਨੂੰ ਲੱਖ ਲੱਖ ਵਧਾਈਆਂ ।

## ਵਿਗਿਆਨਕ ਨਜ਼ਰੀਆ ਵਿਕਸਤ ਕਰਨਾ ਵਕਤ ਦੀ ਮੁੱਖ ਲੋੜ

### ਜ਼ੋਨ ਦੇ ਜੇਤੂ ਵਿਦਿਆਰਥੀ ਹੋਏ ਸਨਮਾਨਿਤ



ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 28 ਨਵੰਬਰ : ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਸੰਗਰੂਰ -ਬਰਨਾਲਾ ਵਲੋਂ ਜੀਵ ਵਿਕਾਸ ਦੇ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਕਰਵਾਈ ਪੰਜਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਜ਼ੋਨ ਪੱਧਰ ਤੇ ਜੇਤੂ ਵਿਦਿਆਰਥੀਆਂ ਦਾ ਜ਼ੋਨ ਪੱਧਰ ਦਾ ਸਨਮਾਨ ਸਮਾਗਮ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿਖੇ ਕੀਤਾ ਗਿਆ। ਜਿਸ ਵਿੱਚ ਜ਼ੋਨ ਦੇ ਵੱਖ – ਵੱਖ ਇਕਾਈਆਂ ਤੋਂ ਤਰਕਸ਼ੀਲ ਕਾਰਕੁਨਾਂ, ਵਿਦਿਆਰਥੀ, ਉਨ੍ਹਾਂ ਦੇ ਮਾਪੇ ਅਤੇ ਸਕੂਲ ਅਧਿਆਪਕਾ ਸ਼ਾਮਲ ਹੋਏ।
ਸਭ ਤੋਂ ਪਹਿਲਾਂ ਜ਼ੋਨ ਦੇ ਆਗੂ ਨਾਇਬ ਸਿੰਘ ਰਟੋਲਾਂ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਤਰਕਸ਼ੀਲ ਸੁਸਾਇਟੀ ਨਾਲ ਜੁੜਨ ਦੀ ਅਪੀਲ ਕੀਤੀ। ਇਸ ਤੋਂ ਜੇਤੂ ਵਿਦਿਆਰਥੀਆਂ ਦੇ ਪ੍ਰੀਖਿਆ ਸਬੰਧੀ ਵਿਚਾਰ ਲਏ , ਸਾਰਿਆਂ ਨੇ ਇਸ ਪਰਖ਼ ਪ੍ਰੀਖਿਆ ਦੀ ਸ਼ਲਾਘਾ ਕੀਤੀ ਤੇ ਇਸ ਨਾਲ ਜੁੜ ਚੁੱਕੀਆਂ ਆਪਣੀਆਂ ਭਾਵਨਾਵਾਂ ਪ੍ਰਗਟਾਉਂਦਿਆਂ ਕਿਹਾ ਕਿ ਇਸ ਪ੍ਰੀਖਿਆ ਸਦਕਾ ਅਸੀਂ ਵਿਗਿਆਨਕ ਸੋਚ ਦੇ ਧਾਰਨੀ ਬਣੇ ਹਾਂ ਤੇ ਬਹੁਤ ਸਾਰੇ ਅੰਧਵਿਸ਼ਵਾਸਾਂ ਵਿਚੋਂ ਨਿਕਲ ਕੇ



ਕਈ? ਕਿਉਂ ?ਕਿਵੇਂ? ਆਦਿ ਗੁਣਾਂ ਦੇ ਮਾਲਕ ਬਣੇ ਹਾਂ।ਸੁਨੀਤਾ ਰਾਣੀ ਤੇ ਪਰਮਜੀਤ ਕੌਰ ਈਸੀ ਦੀਆਂ ਕਵਿਤਾਵਾਂ ਦੀਆਂ ਵਧੀਆ ਪੇਸ਼ਕਾਰੀ ਤੋਂ ਬਾਅਦ ਹਰਮੇਸ਼ ਮੇਸ਼ੀ ਦਿੜ੍ਹਬਾ, ਜੁਝਾਰ ਲੌਂਗੋਵਾਲ, ਦੇਵਿੰਦਰ ਸਿੰਘ ਸੁਨਾਮ, ਹਰਨੂਰ ਅਕੈਡਮੀ ਦੇ ਸੰਚਾਲਕ ਕੁਲਵੰਤ ਸਿੰਘ ਨੇ ਤਰਕਸ਼ੀਲਤਾ ਸੰਬੰਧੀ ਵਿਚਾਰ ਪੇਸ਼ ਕਰਦਿਆਂ ਲੋਕਾਂ ਨੂੰ ਵਿਗਿਆਨਕ ਵਿਚਾਰਾਂ ਦੇ ਧਾਰਨੀ ਬਣਨ ਦਾ ਭਾਵਪੂਰਤ ਸੱਦਾ ਦਿੱਤਾ।
ਮਾਸਟਰ ਪਰਮਵੇਦ ਸੰਬੋਧਨ ਕਰਦਿਆਂ ਕਿਹਾ ਸੰਗਰੂਰ- ਬਰਨਾਲਾ ਜ਼ੋਨ ਨੇ ਚੇਤਨਾ ਪਰਖ ਪ੍ਰੀਖਿਆ ਵਿੱਚ ਪੂਰੇ ਪੰਜਾਬ ਦੇ 36000 ਵਿਦਿਆਰਥੀਆਂ ਵਿੱਚੋਂ 6600 ਤੋਂ ਵੱਧ ਵਿਦਿਆਰਥੀਆਂ ਰਜਿਸਟਰਡ ਕਰਵਾ ਕੇ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ
ਸੱਤਾਧਾਰੀ ਜਮਾਤਾਂ ਨੇ ਸਿੱਖਿਆ ਨੀਤੀ ਵਿੱਚ ਵਿਗਿਆਨਕ ਚੇਤਨਾ ਵਿਕਸਿਤ ਕਰਨ ਦੀ ਥਾਂ ਰੂੜ੍ਹੀਵਾਦੀ ਪਾਠਕ੍ਰਮ ਸ਼ਾਮਿਲ ਕਰਕੇ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਤੋਂ ਵਾਂਝਿਆਂ ਕੀਤਾ ਹੈ, ਇਸਦੇ ਮੁਕਾਬਲੇ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਵਿਗਿਆਨਕ ਚੇਤਨਾ ਵਿਕਸਤ ਕਰਨ ਲਈ ਲਗਾਤਾਰ ਉਪਰਾਲੇ ਕਰਦੀ ਆ ਰਹੀ ਹੈ ਜਿਸਦਾ ਇਕ ਰੂਪ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਹੈ। ਇਸ ਮੌਕੇ ਜ਼ੋਨ ਪੱਧਰ ਤੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਜੇਤੂ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਦੀ ਕਿਤਾਬਾਂ, ਸਨਮਾਨ ਪੱਤਰ ਤੇ ਇੱਕ ਮੈਗਜ਼ੀਨ ਵਿਦਿਆਰਥੀ ਵਿਸ਼ੇਸ਼ ਅੰਕ ਦੇ ਕੇ ਸਨਮਾਨਿਤ ਕੀਤਾ ਗਿਆ।
ਜ਼ੋਨ ਮੀਡੀਆ ਮੁਖੀ ਸੀਤਾ ਰਾਮ ਨੇ ਸਨਮਾਨ ਸਮਾਗਮ ਵਿੱਚ ਸ਼ਾਮਲ ਸਾਰਿਆਂ ਦਾ ਧੰਨਵਾਦ ਕਰਦਿਆਂ ਅੱਗੇ ਤੋਂ ਇਸੇ ਤਰ੍ਹਾਂ ਸਹਿਯੋਗੀ ਬਣੇ ਰਹਿਣ ਦੀ ਆਸ ਪ੍ਰਗਟਾਈ।
ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਜਮਹੂਰੀ ਅਧਿਕਾਰ ਪੰਜਾਬ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸਵਰਨਜੀਤ ਸਿੰਘ, ਵਿਸ਼ਵ ਕਾਂਤ, ਰਜਿੰਦਰ ਰਾਜੂ ਧੂਰੀ, ਸੁਨੀਤਾ ਰਾਣੀ, ਪਰਮਜੀਤ ਕੌਰ,ਮਾਸਟਰ ਗੁਰਜੰਟ ਸਿੰਘ, ਪਰਮਿੰਦਰ ਸਿੰਘ ਮਹਿਲਾਂ,ਗੁਰਦੀਪ ਸਿੰਘ ਲਹਿਰਾ,ਸਹਿਦੇਵ ਚੱਠਾ, ਅਸ਼ੀਰਵਾਦ ਡੇ ਬੋਰਡਿੰਗ ਸੀਨੀਅਰ ਸੈਕੰਡਰੀ ਸਕੂਲ ਝਾੜੋਂ ਦੇ ਪ੍ਰਿੰਸੀਪਲ ਜਸਬੀਰ ਸਿੰਘ, ਲਖਵਿੰਦਰ ਸਿੰਘ ਬਡਬਰ,
ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਸਿੱਖਿਆਦਾਇਕ ਤੇ ਭਾਵਪੂਰਤ ਹੋ ਨਿਬੜਿਆ।

## ਸਵੈ ਰੁਜਗਾਰ ਜਰੀਏ ਖੁਦ ਅਤੇ ਹੋਰਾਂ ਲਈ ਰੁਜਗਾਰ ਦੇ ਮੌਕੇ ਉਪਲਬਧ ਕਰਵਾਉਣ ਵਾਲੇ ਨੌਜਵਾਨਾਂ ਦਾ ਹੋਵੇਗਾ ਸਨਮਾਨ : ਸੰਧਵਾਂ

### ਪਿੰਡ ਧੂੜਕੋਟ ਵਿਖੇ ਗਿੱਲ ਪਰਿਵਾਰ ਵਲੋਂ ਲਾਈ ਫੀਡ ਫੈਕਟਰੀ ਦਾ ਪਤਵੰਤੇ ਸੱਜਣਾ ਦੀ ਹਾਜਰੀ ’ਚ ਉਦਘਾਟਨ

ਵਰਲਡ ਪੰਜਾਬੀ ਟਾਈਮਜ਼ ਟਿੱਕੂ ਕੁਮਾਰ

ਕੋਟਕਪੂਰਾ, 28 ਨਵੰਬਰ : ਜਿੱਥੇ ਇੱਕ ਪਾਸੇ ਨੌਜਵਾਨ ਪੀੜੀ ਕਰਜੇ ਚੁੱਕ ਚੁੱਕ ਵਿਦੇਸ਼ ਜਾਣ ਲਈ ਬੇਹੱਦ ਤਤਪਰ ਹੋ ਰਹੀ ਹੈ, ਉੱਥੇ ਹੀ ਉਦਮ ਅੱਗੇ ਲੱਛਮੀ ਵਾਲੀ ਕਹਾਵਤ ਨੂੰ ਸਾਕਾਰ ਕਰਦੇ ਹੋਏ ਉਦਮੀ ਨੌਜਵਾਨ ਦੇਸ਼ ਵਿੱਚ ਰਹਿੰਦੇ ਹੋਏ ਹੀ ਸਵੈ-ਰੁਜਗਾਰ ਦੇ ਸਾਧਨਾਂ ਰਾਹੀਂ ਜਿੱਥੇ ਖੁਦ ਕਮਾਈ ਕਰ ਰਹੇ ਹਨ, ਉੱਥੇ ਹੀ ਹੋਰਾਂ ਲੋਕਾਂ ਨੂੰ ਵੀ ਰੁਜਗਾਰ ਦੇ ਮੌਕੇ



ਉਪਲਬਧ ਕਰਵਾ ਰਹੇ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਦੇ ਪੀ.ਆਰ.ਓ. ਮਨਪ੍ਰੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਅਗਾਂਹਵਧੂ ਕਿਸਾਨ ਗੁਰਮੀਤ ਗਿੱਲ ਵੱਲੋਂ ਪਿੰਡ ਧੂੜਕੋਟ ਵਿਖੇ ਉੱਚ ਕੁਆਲਟੀ ਦੀ ਪਸ਼ੂ ਫੀਡ ਵਾਜਬ ਰੇਟ ’ਤੇ ਮੁਹੱਈਆ ਕਰਵਾਉਣ ਦੇ ਮਕਸਦ ਤਹਿਤ ਪ੍ਰੋਜੇਕਟ ਦਾ ਆਰੰਭ ਕੀਤਾ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨਾਂ ਦੱਸਿਆ ਕਿ ਸਮੁੱਚੀ ਟੀਮ ਵਲੋਂ ਕਾਮਨਾ ਕੀਤੀ ਗਈ ਕਿ ਗਿੱਲ ਪਰਿਵਾਰ ਦਾ ਇਹ ਪ੍ਰੋਜੇਕਟ ਸਮੁੱਚੇ ਪੰਜਾਬ ਵਿੱਚ ਅਹਿਮ ਨਾਮ ਕਮਾਵੇ। ਉਨਾਂ ਦੱਸਿਆ ਕਿ ਅਗਾਂਹਵਧੂ ਕਿਸਾਨ ਨੂੰ ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਵੇਗਾ। ਸਪੀਕਰ ਪੰਜਾਬ ਵਿਧਾਨ ਸਭਾ ਵਲੋਂ ਵਿਧਾਨ ਸ਼ੈਸਨ ਸ਼ੁਰੂ ਹੋਣ ਕਾਰਨ ਇਸ ਕਿਸਾਨ ਨੂੰ ਨਹੀਂ ਮਿਲਿਆ ਜਾ ਸਕਿਆ। ਜਿਵੇਂ ਹੀ ਸ਼ੈਸਨ ਖਤਮ ਹੁੰਦਾ ਹੈ, ਉਸ ਉਪਰੰਤ ਉਹ ਇਸ ਕਿਸਾਨ ਨੂੰ ਮਿਲ ਕੇ ਉਸਦੀ ਹੌਂਸਲਾ ਅਫਜਾਈ ਕਰਨਗੇ। ਸਪੀਕਰ ਪੰਜਾਬ ਵਿਧਾਨ ਸਭਾ ਦੀ ਗੈਰ ਹਾਜਰੀ ਵਿੱਚ ਪੀ.ਆਰ.ਓ. ਮਨਪ੍ਰੀਤ ਸਿੰਘ ਮਨੀ ਧਾਲੀਵਾਲ ਅਤੇ ਆਮ ਆਦਮੀ ਦੇ ਆਗੂਆਂ ਵੱਲੋਂ ਇਸ ਕਿਸਾਨ ਦੀ ਹੌਸਲਾ ਅਫਜਾਈ ਵਾਸਤੇ ਮਿਲ ਕੇ ਹੱਲਾਸ਼ੇਰੀ ਦਿੱਤੀ ਗਈ। ਇਸ ਮੌਕੇ ਸੁਖਵੰਤ ਸਿੰਘ ਪੱਕਾ, ਜਸਵਿੰਦਰ ਸਿੰਘ ਢੁੱਡੀ, ਸੰਦੀਪ ਸਿੰਘ ਕੰਮੇਆਣ, ਸਰਬਜੀਤ ਸਿੰਘ ਮੋਰਾਂਵਾਲੀ, ਗੁਰਜੰਟ ਸਿੰਘ ਮੰਡਵਾਲਾ, ਜੱਗਾ ਸਿੰਘ ਖਾਰਾ, ਜਗਸੀਰ ਸਿੰਘ ਸੰਧਵਾਂ, ਬੱਬੂ ਸਿੰਘ ਪੰਜਗਰਾਂਈ, ਅਬੇਜੀਤ ਸਿੰਘ ਚੰਦਬਾਜਾ, ਰਾਜਾ ਸਿੰਘ ਗਿੱਲ, ਜਗਦੀਪ ਸਿੰਘ ਸਿਰਸੜੀ, ਦਰਸ਼ਨ ਸਿੰਘ ਖ਼ਾਲਸਾ ਆਦਿ ਵੀ ਹਾਜਰ ਸਨ।

ਵਰਲਡ ਪੰਜਾਬੀ ਟਾਈਮਜ਼ 28 ਨਵੰਬਰ 2023 ਦਿਨ ਮੰਗਲਵਾਰ

## ਡਾ.ਭਗਵੰਤ ਸਿੰਘ ਦੀ 'ਸੂਫ਼ੀਆਨਾ ਰਹੱਸ ਅਨੁਭੂਤੀ' ਵਿਲੱਖਣ ਖੋਜੀ ਪੁਸਤਕ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਡਾ.ਭਗਵੰਤ ਸਿੰਘ ਖੋਜੀ ਵਿਦਵਾਨ ਹੈ। ਉਹ ਸਾਹਿਤ ਦੇ ਅਣਗੌਲੇ ਹੀਰਿਆਂ ਬਾਰੇ ਖੋਜ ਕਰਕੇ ਸਾਹਿਤ ਦੇ ਖੋਜੀ ਵਿਦਿਆਰਥੀਆਂ ਦਾ ਰਾਹ ਦਸੇਰਾ ਬਣਦਾ ਜਾ ਰਿਹਾ ਹੈ। ਇਸੇ ਲੜੀ ਵਿੱਚ ਉਸ ਵੱਲੋਂ ਸੰਪਾਦਿਤ ਕੀਤੀ ਪੁਸਤਕ 'ਸੂਫ਼ੀਆਨਾ ਰਹੱਸ ਅਨੁਭੂਤੀ' ਹੈ, ਜਿਹੜੀ ਖੋਜਾਰਥੀਆਂ ਲਈ ਲਾਭਦਾਇਕ ਸਾਬਤ ਹੋਵੇਗੀ। ਆਮ ਤੌਰ 'ਤੇ ਸਾਹਿਤ ਦੇ ਤਿੰਨ ਰੂਪਾਂ ਨਾਵਲ, ਕਹਾਣੀ ਅਤੇ ਕਵਿਤਾ ਬਾਰੇ ਲਿਖਿਆ ਜਾ ਰਿਹਾ ਹੈ। ਸਾਹਿਤ ਦੇ ਇਹ ਰੂਪ ਵੀ ਮਹੱਤਵਪੂਰਨ ਹਨ, ਜੋ ਪਾਠਕਾਂ ਵਿੱਚ ਦਿਲਚਸਪੀ ਪੈਦਾ ਕਰਦੇ ਹਨ ਪ੍ਰੰਤੂ ਖੋਜ ਦੇ ਸਾਹਿਤਕ ਰੂਪ ਨੂੰ ਪੜ੍ਹਨ ਅਤੇ ਲਿਖਣ ਵਿੱਚ ਵਿਦਵਾਨ ਉਤਨੀ ਗੰਭੀਰਤਾ ਨਹੀਂ ਵਿਖਾ ਰਹੇ। ਖੋਜ ਸਾਹਿਤ ਦੇ ਇਤਿਹਾਸ ਨੂੰ ਸੰਭਾਲ ਕੇ ਰੱਖਦੀ ਹੈ, ਜਿਸ ਤੋਂ ਭਵਿਖ ਦੇ ਵਿਦਵਾਨ ਅਗਵਾਈ ਲੈਂਦੇ ਹਨ। ਡਾ.ਭਗਵੰਤ ਸਿੰਘ ਦੀ ਖ਼ੂਬੀ ਹੈ ਕਿ ਉਹ ਅਣਗੌਲੇ ਵਿਦਵਾਨਾ ਦੇ ਰਚੇ ਸਾਹਿਤ ਦੀ ਖੋਜ ਕਰਕੇ ਸੰਭਾਲਣ ਦਾ ਕੰਮ ਕਰ ਰਹੇ ਹਨ। ਇਸ ਪੁਸਤਕ ਵਿੱਚ ਫ਼ਕੀਰ ਈਸ਼ਵਰ ਦਾਸ ਦੇ ਸਾਹਿਤਕ ਯੋਗਦਾਨ ਬਾਰੇ 26 ਵੱਖ-ਵੱਖ ਖੇਤਰਾਂ ਦੇ ਪ੍ਰਬੁੱਧ ਵਿਦਵਾਨਾ ਦੇ ਲੇਖ ਸ਼ਾਮਲ ਕੀਤੇ ਗਏ ਹਨ। ਇਹ ਪੁਸਤਕ ਫ਼ਕੀਰ ਈਸ਼ਵਰ ਦਾਸ ਦੀ ਸਮੁੱਚੀ ਸਾਹਿਤਕ ਦੇਣ ਜਿਸ ਵਿੱਚ 9 ਪੰਜਾਬੀ ਕਾਵਿ, 7 ਹਿੰਦੀ ਕਾਵਿ ਅਤੇ 9 ਅੰਗਰੇਜ਼ੀ ਕਾਵਿ ਪੁਸਤਕਾਂ ਬਾਰੇ ਖੋਜ ਭਰਪੂਰ ਲੇਖ ਹਨ। ਸੂਫ਼ੀ ਪਰੰਪਰਾ ਬਾਬਾ ਫਰੀਦ ਤੋਂ ਸ਼ੁਰੂ ਹੋਈ ਜੋ ਵਰਤਮਾਨ ਸਮੇਂ ਤੱਕ ਪ੍ਰਚਲਤ ਹੈ। ਅਧਿਆਤਮਕ ਰਹੱਸਵਾਦ ਵੀ ਸੂਫ਼ੀ ਮਤ ਤੋਂ ਹੀ ਸ਼ੁਰੂ ਹੁੰਦਾ ਗਿਣਿਆਂ ਜਾਂਦਾ ਹੈ। ਉਹ ਧਾਰਮਿਕਤਾ ਦੀ ਵਲੱਗਣ ਨੂੰ ਤੋੜਕੇ ਮਾਨਵਵਾਦੀ ਪ੍ਰਚਾਰ ਕਰਦੇ ਹਨ। ਧਰਮ ਦੇ ਆਪੇ ਬਣੇ ਠੇਕੇਦਾਰਾਂ ਦੀ ਪ੍ਰਵਾਹ ਨਹੀਂ ਕਰਦੇ। ਫ਼ਕੀਰ ਈਸ਼ਵਰਦਾਸ ਦਾ ਰਹੱਸਵਾਦ ਵੀ ਉਸੇ ਪਰੰਪਰਾ ਨੂੰ ਅੱਗੇ ਤੋਰਦਾ ਹੈ। ਫ਼ਕੀਰ ਈਸ਼ਵਰਦਾਸ ਵੀ ਇਨਸਾਨ ਨੂੰ ਆਪਣੀ ਅੰਤਹਕਰਨ ਦੀ ਆਵਾਜ਼ ਨੂੰ ਪਛਾਣਕੇ ਸੁਣਨ ਦੀ ਪ੍ਰੇਰਨਾ ਦਿੰਦਾ ਹੈ। ਇਸ ਨੂੰ ਸਵੈ-ਚੇਤਨਾ ਜਾਂ ਰੂਹਾਨੀ ਜਾਗ੍ਰਤੀ ਵੀ ਕਿਹਾ ਜਾ ਸਕਦਾ ਹੈ। ਵਰਤਮਾਨ ਸਮਾਜ ਦਾ ਖੋਖਲਾਪਣ ਵੀ ਆਪੇ ਨਾਲੋ ਟੁੱਟਣ ਦਾ ਹੀ ਨਤੀਜਾ ਹੈ। ਫ਼ਕੀਰ ਈਸ਼ਵਰਦਾਸ ਇਸ ਦੀ ਪਛਾਣ ਕਰਕੇ ਜੀਵਨ ਬਸਰ ਕਰਨ ਦੀ ਤਾਕੀਦ ਕਰਦਾ ਹੈ। ਫ਼ਕੀਰ ਦੀਆਂ ਸਾਰੀਆਂ ਰਚਨਾਵਾਂ ਭਾਵੇਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀਆਂ ਹਨ ਪ੍ਰੰਤੂ ਉਹ ਸਾਰੀਆਂ ਹੀ ਅਧਿਆਤਮਿਕ ਰਹੱਸਵਾਦੀ ਹਨ। ਉਨ੍ਹਾਂ ਦੀ ਬੋਲੀ ਤੇ ਸ਼ੈਲੀ ਸਰਲ ਅਤੇ ਸਪਸ਼ਟ ਹੈ, ਜਿਹੜੀ ਆਮ ਲੋਕਾਂ ਦੇ ਸੌਖਿਆਂ ਹੀ ਸਮਝ ਵਿੱਚ ਆ ਜਾਂਦੀ ਹੈ। ਇਹ ਰਹੱਸਵਾਦ ਇਨਸਾਨ ਦੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਮਜ਼ਬੂਤ ਕਰਦਾ ਹੈ। ਉਹ ਸਮਾਜਿਕ ਗਿਰਾਵਟਾਂ ਨੂੰ ਆੜੇ ਹੱਥੀਂ ਲੈਂਦਾ ਹੋਇਆ ਉਨ੍ਹਾਂ 'ਤੇ ਤਿੱਖੇ ਵਿਅੰਗ ਕਰਦਾ ਹੈ। ਉਸਦਾ ਸਾਰਾ ਕਾਵਿ ਹੀ ਦਾਰਸ਼ਨਿਕ ਹੈ। ਫ਼ਕੀਰ ਦੀਆਂ ਕਾਫ਼ੀਆਂ ਅਤੇ ਰੁਬਾਈਆਂ ਬਹੁਤ ਸਰਲ ਅਤੇ ਅਧਿਆਤਮਿਕ ਰਹੱਸ ਦਾ ਬਿਹਤਰੀਨ ਨਮੂਨਾ ਹਨ। ਇਹ ਸਾਰਾ ਕੁਝ ਇਸ ਕਰਕੇ ਹੀ ਸੰਭਵ ਹੋਇਆ ਕਿ ਫ਼ਕੀਰ ਈਸ਼ਵਰਦਾਸ ਨੇ ਜ਼ਿੰਦਗੀ ਨੂੰ ਨੇੜਿਉਂ ਵੇਖਦਿਆਂ ਅਨੁਭਵ ਕੀਤਾ ਕਿ ਸਾਧਨਾ ਕਰਨੀ ਜ਼ਰੂਰੀ ਹੈ। ਫਿਰ ਉਹ ਜੇ.ਪੀ.ਐਸ.ਸਿੱਧੂ ਤੋਂ ਫ਼ਕੀਰ ਈਸ਼ਵਰਦਾਸ ਤਿਆਗ ਦੀਆਂ ਅਨੇਕਾਂ ਸਥਿਤੀਆਂ ਵਿੱਚੋਂ ਲੰਘ ਕੇ ਬਣਿਆਂ ਤਾਂ ਕਿਤੇ ਜਾ ਕੇ ਉਸ ਨੂੰ ਆਤਮਬੋਧ ਹੋਇਆ ਹੈ। ਫ਼ਕੀਰ ਈਸ਼ਵਰਦਾਰ ਸੂਫ਼ੀਆਨ ਰਹੱਸ ਦਾ ਜ਼ਿਕਰ ਕਰਦਾ ਹੋਇਆ ਮਹਿਸੂਸ ਕਰਦਾ ਹੈ ਕਿ ਮੈਂ (ਹਉਮੈ)ਨੂੰ ਤਿਆਗਣ, ਆਪਣੀ ਤੇ ਸੰਸਾਰ ਦੀ ਹੋਂਦ ਨੂੰ ਪਹਿਚਾਣ ਕੇ ਪ੍ਰਾਪਤ ਕਰਨਾ, ਤਿਆਗ ਦੀ ਮੂਰਤੀ, ਕੱਟੜਤਾ, ਸੰਕੀਰਣਤਾ, ਪਾਖੰਡਾਂ ਦੇ ਉਲਟ ਹਕੀਕਤ ਪਸੰਦ, ਸਰਲ ਜੀਵਨ ਜਿਓਣ ਵਾਲੇ, ਬਾਹਰਲੇ ਵਿਖਾਵੇ ਨਾਲੋਂ ਅੰਦਰ ਦੀ ਪਵਿਤਰਤਾ ਵਾਲੇ, ਸੱਚਾਈ ਤੇ ਸਭ ਵਿੱਚ ਰੱਬ ਮੰਨਣ ਵਾਲੇ, ਗ਼ਰੀਬੀ, ਆਜਜ਼ੀ, ਹਲੀਮੀ, ਲਾਜ, ਮਿੱਠਤ, ਨਿਮ੍ਰਤਾ ਸੂਫ਼ੀ ਰਹੱਸ ਦੇ ਗੁਣ ਹਨ। ਸੂਫ਼ੀ ਅਧਿਅਤਮਵਾਦ ਵਿੱਚ ਰਹੱਸ ਅਤੇ ਆਦਰਸ਼ ਦਾ ਸੁਮੇਲ ਹੁੰਦਾ ਹੈ। ਰੱਬ ਹਰ ਚੀਜ਼ ਵਿੱਚ ਹੈ ਪ੍ਰੰਤੂ ਉਸ ਦਾ ਨਿਸਚਤ ਰੂਪ ਨਹੀਂ। ਬਿਰਹਾ ਵੀ ਸੂਫ਼ੀਵਾਦ ਦਾ ਹਿੱਸਾ ਹੈ। ਫ਼ਕੀਰ ਈਸ਼ਵਰਦਾਸ ਨੇ ਕਾਫ਼ੀਆਂ ਅਤੇ ਦੋਹੇ ਲਿਖੇ ਹਨ। ਉਹ ਆਪਣੇ ਕਾਵਿ ਵਿੱਚ ਵਿਅੰਗ ਮਾਰਦੇ ਹਨ ਪ੍ਰੰਤੂ ਉਨ੍ਹਾਂ ਦਾ ਵਿਅੰਗ ਦੁਨੀਆਂਦਾਰੀ ਤੋਂ ਉਪਰ ਹੁੰਦਾ ਹੈ। ਉਨ੍ਹਾਂ ਨੇ ਪ੍ਰੇਰਨਾ ਗੁਰੂਆਂ, ਸੰਤਾਂ, ਭਗਤਾਂ ਤੋਂ ਲਈ ਹੈ। ਉਹ ਰੱਬ ਨਾਲ ਸਿੱਧਾ ਰਸਤਾ ਜੋੜਦਾ ਹੈ। ਉਸ ਨੂੰ ਇਲਾਹੀ ਸਿਰਜਣਾ ਦਾ ਅਨੁਭਵ ਹੈ। ਉਸ ਨੇ ਆਪਣੇ ਵਿੱਚੋਂ ਵਿਸ਼ੇ-ਵਿਕਾਰਾਂ ਨੂੰ ਦੂਰ ਕੀਤਾ ਹੋਇਆ ਹੈ। ਉਨ੍ਹਾਂ ਦੀ ਰਚਨਾ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਪਹਿਲਾਂ ਇਨਸਾਨੀਅਤ ਨਾਲ ਪਿਆਰ ਕੀਤਾ ਤਾਂ ਹੀ ਰੱਬ ਨੂੰ ਪ੍ਰਾਪਤ ਕਰਨ ਵਿੱਚ ਸਫਲ ਹੋਇਆ ਹੈ। ਉਹ ਸੂਫ਼ੀ ਪਰੰਪਰਾ ਵਿੱਚ ਰੌਸ਼ਨ ਚਿਰਾਗ ਹੈ। ਉਹ ਬੇਬਾਕੀ ਨਾਲ ਲਿਖਦਾ ਹੈ। ਫ਼ਕੀਰ ਦੀ ਰਚਨਾਂ ਦਾ ਇਖ਼ਲਾਕੀ ਪੱਖ ਵੀ ਵਿਲੱਖਣ ਹੈ, ਉਹ ਖੁਦ ਵੀ ਉਚੇ ਸੁੱਚੇ ਇਖ਼ਲਾਕ ਦਾ ਮਾਲਕ ਹੈ। ਇਖ਼ਲਾਕ ਦੀ ਸਰਵੋਤਮਤਾ ਉਸ ਦੀਆਂ ਰਚਨਾਵਾਂ ਵਿੱਚ ਵਿਖਾਈ ਦਿੰਦੀ ਹੈ। ਉਹ ਮਜ਼ਬਾਂ ਦੀਆਂ ਵਲੱਗਣਾ ਤੋਂ ਬਾਹਰ ਹੈ। ਮਾਨਵਵਾਦੀ ਕੀਮਤਾਂ ਦਾ ਮੁੱਦਈ ਤੇ ਇਨਸਾਨੀ ਧੋਖਿਆਂ ਦਾ ਵਿਰੋਧੀ ਬਣਕੇ ਨਿਖਰਿਆ (ਨਿਤਰਿਆ ) ਹੈ। 'ਸੂਲੀ ਚੜ੍ਹੇ ਨਾ ਮੁੜਦੇ' ਕਾਵਿ ਸੰਗ੍ਰਹਿ ਗੂੜ੍ਹੇ ਰਹੱਸਵਾਦੀ ਰੰਗ ਵਿੱਚ ਰੰਗਿਆ ਹੋਇਆ ਹੈ। ਆਧੁਨਿਕ ਪੰਜਾਬੀ ਕਾਵਿ ਪਰੰਪਰਾ ਵਿੱਚ ਉਸ ਨੇ ਸੂਫ਼ੀ ਸ਼ਾਇਰੀ ਮੁੜ ਸੁਰਜੀਤ ਕੀਤੀ ਹੈ। ਉਸ ਦੀ ਸ਼ਬਦਾਵਲੀ ਵਿੱਚ ਵਿਰਾਸਤ ਤੇ ਵਿਰਸਾ ਘੁਲਿਆ-ਮਿਲਿਆ ਹੈ। ਉਹ ਸੂਫ਼ੀ ਕਾਵਿ ਧਾਰਾ ਦਾ ਅਲੰਬਰਦਾਰ ਹੈ, ਇਉਂ ਲੱਗਦਾ ਹੈ ਉਹ ਭਵਿਖ 'ਚ ਸੂਫ਼ੀ ਕਾਵਿ ਦਾ ਸੂਰਜ ਬਣਕੇ ਚੜ੍ਹੇਗਾ। ਉਸ ਦੀ ਕਵਿਤਾ ਇਨਸਾਨ ਨੂੰ ਇਕੋ ਰੱਬ ਦੀ ਹੋਂਦ ਤੇ ਮਨੁੱਖ ਨੂੰ ਬਾਂਦਰ ਟਪੂਸੀਆਂ ਨਾਲ ਤੁਲਨਾ ਦਿੰਦੇ ਹੋਏ ਸਰਲ ਭਾਸ਼ਾ ਵਿੱਚ ਲਿਖਦੇ ਹਨ:

ਬਾਂਦਰਾ ਛੱਡ ਟਪੂਸੀਆਂ ਇਕ ਉਹੀ ਸਾਰ।
ਰੱਬ-ਰਾਮ-ਖੁਦਾ ਇਕਹੋ, ਪਰਵਰਦਿਗਾਰ।

ਫ਼ਕੀਰ ਨੇ ਹਰ ਮਨੁੱਖ ਨੂੰ ਰੱਬ ਦਾ ਰੂਪ, ਰੱਬੀ ਲਿਵ ਲਈ ਬੰਦਗੀ, ਬੰਦਗੀ ਲਈ ਮੁਰਸ਼ਦ ਅਤੇ ਸਾਧਨਾ ਦੀ ਲੋੜ ਕਹੀ ਹੈ। ਫ਼ਕੀਰ ਦੀਆਂ ਕਾਫ਼ੀਆਂ ਅਤੇ ਰੁਬਾਈਆਂ ਵਿੱਚੋਂ ਪੰਜਾਬੀ ਮਿੱਟੀ ਦੀ ਖ਼ੁਸ਼ਬੋ ਆਉਂਦੀ ਹੈ। ਉਸ ਨੇ ਮਾਇਆਵਾਦੀ ਸੰਸਾਰ ਵਿੱਚ ਸੱਚੀ ਸੁੱਚੀ ਰੂਹ ਤੇ ਨਿਰੋਲ ਸੱਚ ਨੂੰ ਪੇਸ਼ ਕਰਕੇ ਨਵੀਂ ਪੀੜ੍ਹੀ ਦਾ ਮਾਰਗ ਦਰਸ਼ਕ ਬਣਿਆਂ ਹੈ। ਧਰਮ ਦੇ ਠੇਕੇਦਾਰਾਂ ਦੀ ਫੈਲਾਈ ਸੰਕੀਰਣਤਾ ਬਾਰੇ ਲਿਖਦਾ ਹੈ:


ਕਿਤੇ ਮੰਦਰ-ਮਸਜਿਦ ਕਿਤੇ ਗਿਰਜਾ, ਗੁਰਦੁਆਰੇ, ਗੱਲੀਂ ਖ਼ੂਨ-ਬਹਾਉਂਦੇ,
ਕਿਤੇ ਕੋਈ ਮੁੱਦਾ ਕਿਤੇ ਲੱਭ ਮੁੱਦਾ, ਬੇਮੁੱਦਾ ਲੜਦੇ-ਲੋਕਾਂ ਲੜਾਉਂਦੇ,
ਕਾਫ਼ਿਰ ਹੱਕ ਨਾ ਫੜਦੇ, ਹੱਥ ਫੜਦੇ 'ਦੂਈ' ਦੇ ਮੁਏ-ਬੀਮਾਰਾਂ ਦੇ।

ਇਸੇ ਤਰ੍ਹਾਂ ਲਿਖਦੇ ਹਨ ਬੱਕਰਿਆਂ ਨੂੰ ਹਲਾਲ ਕਰਨ ਦੀ ਥਾਂ ਖ਼ੁਦ ਬੱਕਰਾ ਬਣੋ:

ਗਲ ਵੱਢ, ਖ਼ੁਦ ਨੂੰ ਕਹਿਣ ਹਲਾਲੀ, ਸੀਸ ਤਲੀ ਰੱਖ ਕੋਈ ਨਾ ਆਉਂਦਾ,
ਅੱਲਾਹ ਰਾਮ ਦੇ ਬਣਨ ਦਾ ਬੇਲੀ।

ਪ੍ਰਭੂ ਨਾਲ ਸੰਜੋਗ ਤੇ ਵਿਯੋਗ ਦੋਹਾਂ ਪ੍ਰਸਥਿਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਹੈ। ਇਸ਼ਕ ਮਿਜ਼ਾਜ਼ੀ ਤੋਂ ਇਸ਼ਕ ਹਕੀਕੀ ਦੇ ਸਫਰ ਨੂੰ ਦਰਸਾਇਆ ਹੈ। ਉਨ੍ਹਾਂ ਹੱਕ ਸੱਚ ਪਰਮਾਰਥ ਨੂੰ ਰੁਬਾਈਆਂ ਰਾਹੀਂ ਮੁਕਤੀ ਦਾ ਇਕੋ ਇਕ ਰਾਹ ਪ੍ਰੇਮ ਦਰਸਾਇਆ ਹੈ। 'ਮੈਂ ਹੋਇਆ ਮਸਤ ਕਲੰਦਰ' ਪੁਸਤਕ ਦੀਆਂ 108 ਕਾਫ਼ੀਆਂ ਵਿੱਚ ਪਰਮਾਤਮਾ ਤੱਕ ਪਹੁੰਚਣ ਦਾ ਤਰੀਕਾ ਦੱਸਿਆ ਹੈ। ਅਸਲ ਵਿੱਚ ਫ਼ਕੀਰ ਈਸ਼ਵਰਦਾਸ ਦੀ ਸਮੁੱਚੀ ਰਚਨਾ ਸੂਫ਼ੀ ਮੱਤ ਦੇ ਰਹੱਸਮਈ ਅਨੁਭਵ ਨੂੰ ਜ਼ੁਬਾਨ ਦਿੰਦੀ ਹੈ, ਇਸ ਦੇ ਨਾਲ ਹੀ ਸੂਫ਼ੀਅਨ ਮਸਤੀ ਨੂੰ ਅਨੁਭਵ ਕਰਵਾਉਣ ਦੀ ਸਮਰੱਥਾ ਰੱਖਦੀ ਹੈ। ਸਿਰਜਨਾਂ ਜ਼ਿਕਰ ਤੋਂ ਫ਼ਿਕਰ ਭਾਵ ਸਿਮਰਨ ਤੋਂ ਚਿੰਤਨ ਤੱਕ ਦਾ ਸਫਰ ਸਾਕਾਰ ਕਰਦੀ ਹੈ। ਉਨ੍ਹਾਂ ਦੀ ਕਾਵਿ ਸਿਰਜਨਾ ਰਾਜਨੀਤਕ ਵਿਵਸਥਾ ਦੇ ਕੂੜ ਉਤੇ ਸੰਕੇਤਕ ਕਿੰਤੂ ਪ੍ਰੰਤੂ ਕਰਦੀਆਂ ਹਨ। ਰੱਬ ਨੂੰ ਸਾਰੇ ਕਰਮ ਕਾਂਡਾਂ ਤੋਂ ਪਰ੍ਹੇ ਦਰਸਾਉਂਦੀਆਂ ਹਨ। ਜ਼ਿੰਦਗੀ ਦੀ ਸਚਾਈ ਨੂੰ ਸਾਦ ਮੁਰਾਦੇ ਸਰਲ ਢੰਗ ਪ੍ਰਗਟਾਉਂਦੀਆਂ ਹੋਈਆਂ ਸਮਾਜਿਕ ਸਰੋਕਾਰਾਂ ਦੀ ਪ੍ਰੋੜ੍ਹਤਾ ਕਰਦੀਆਂ ਹਨ।

150 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ) ਰਾਹੀਂ 'ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮ' ਨੇ ਪ੍ਰਕਾਸ਼ਤ ਕੀਤੀ ਹੈ।




## ਔਰਤਾਂ ਦੀ ਸਿੱਖਿਆ

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

ਔਰਤ ਹਮੇਸ਼ਾ ਤੋਂ ਹੀ ਪੁਰਸ਼ ਪ੍ਰਧਾਨ ਸੋਚ ਦੀ ਭੇਂਟ ਚੜ੍ਹਦੀ ਆਈ ਹੈ। ਪੁਰਸ਼ ਨੇ ਹਮੇਸ਼ਾ ਉਸ ਨੂੰ ਪਰਦੇ ਵਿੱਚ ਅਤੇ ਘਰ ਦੀ ਬਰੂਹਾਂ ਤੱਕ ਸੀਮਤ ਰੱਖਿਆ। ਜਿਵੇਂ ਜਿਵੇਂ ਸਿੱਖਿਆ ਦੀ ਰੌਸ਼ਨੀ ਔਰਤਾਂ ਦੀ ਜ਼ਿੰਦਗੀ ਵਿੱਚ ਆਉਂਦੀ ਗਈ, ਉਹਨਾਂ ਦੇ ਜੀਵਨ ਵਿੱਚ ਹਨੇਰਾ ਦੂਰ ਹੋਣਾ ਸ਼ੁਰੂ ਹੋਇਆ ਪਰੰਤੂ ਉਹ ਹਜੇ ਤੱਕ ਖ਼ਤਮ ਨਹੀਂ ਹੋਇਆ ਕਿਉਂਕਿ ਔਰਤਾਂ ਦੀ ਸਿੱਖਿਅਤ ਦਰ ਮਰਦਾਂ ਨਾਲੋਂ ਹਜੇ ਵੀ ਘੱਟ ਹੈ। ਲੜਕੀਆਂ ਦੇ ਮਾਤਾ ਪਿਤਾ ਦੀ ਇਹ ਸੋਚ ਹੁੰਦੀ ਹੈ ਕਿ ਲੜਕੀ ਨੇ ਤਾਂ ਸਹੁਰੇ ਘਰ ਜਾ ਕੇ ਚੁੱਲ੍ਹਾ ਚੌਂਕਾ ਹੀ ਕਰਨਾ ਹੈ ਇਸ ਨੇ ਪੜ ਕੇ ਕੀ ਲੈਣਾ।ਸਾਡੀ ਇਹੋ ਸੋਚ ਹੀ ਔਰਤਾਂ ਨੂੰ ਕਮਜ਼ੋਰ ਕਰਦੀ ਹੈ।ਘਰ ਦੀ ਗ਼ਰੀਬੀ ਅਤੇ ਪੈਸੇ ਦੀ ਅਣਹੋਂਦ ਵੀ ਲੜਕੀਆਂ ਦੀ ਅੱਧ ਵਿਚਕਾਰ ਪੜ੍ਹਾਈ ਛੱਡਣ ਜਾ ਮੁੱਖ ਕਾਰਨ ਬਣਦੀ ਹੈ। ਪ੍ਰੰਤੂ ਹੌਲੀ ਹੌਲੀ ਹੁਣ ਸਰਕਾਰ ਵੀ ਚਾਹੁੰਦੀ ਹੈ ਕਿ ਔਰਤ ਸਿੱਖਿਅਤ ਹੋਵੇ,ਉਹ ਵੀ ਥੋੜੀਆਂ ਥੋੜੀਆਂ ਕੋਸ਼ਿਸ਼ਾਂ ਕਰ ਰਹੀ ਹੈ। ਪਿਛਲੇ ਦਿਨ ਹੀ ਹਰਿਆਣਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਜਿਨ੍ਹਾਂ ਪਰਿਵਾਰਾਂ ਦੀ ਸਲਾਨਾ ਆਮਦਨ ਇੱਕ ਲੱਖ ਅੱਸੀਂ ਹਜ਼ਾਰ ਜਾਂ ਉਸ ਤੋਂ ਘੱਟ ਹੈ ਉਹਨਾਂ ਪਰਿਵਾਰਾਂ ਦੀਆਂ ਲੜਕੀਆਂ ਦੇ ਸਰਕਾਰੀ ਅਤੇ ਪ੍ਰਾਈਵੇਟ ਕਾਲਜ ਦੀ ਪੂਰੀ ਫ਼ੀਸ ਅਤੇ ਜਿਨ੍ਹਾਂ ਪਰਿਵਾਰਾਂ ਦੀ ਆਮਦਨ ਇੱਕ ਲੱਖ ਅੱਸੀਂ ਹਜ਼ਾਰ ਤੋਂ ਤਿੰਨ ਲੱਖ ਤੱਕ ਹੈ ਉਹਨਾਂ ਦੀ ਅੱਧੀ ਫ਼ੀਸ ਮਾਫ਼ ਕੀਤੀ ਜਾਵੇਗੀ।ਇਹ ਸਰਕਾਰ ਦੀ ਚੰਗੀ ਪਹਿਲ ਹੈ ਤਾਂ ਜ਼ੋ ਕੋਈ ਵੀ ਲੜਕੀ ਪੈਸੇ ਦੀ ਕਮੀਂ ਕਰਕੇ ਉਚੇਰੀ ਸਿੱਖਿਆ ਹਾਸਿਲ ਕਰਨ ਤੋਂ ਪਿੱਛੇ ਨਾ ਰਹਿ ਸਕੇ। ਹਰਿਆਣਾ ਸਰਕਾਰ ਦਾ ਇਹ ਫੈਸਲਾ ਸ਼ਲਾਘਾਯੋਗ ਅਤੇ ਸਵਾਗਤਯੋਗ ਹੈ, ਬਾਕੀ ਸੂਬਿਆਂ ਨੂੰ ਵੀ ਹਰਿਆਣਾ ਸਰਕਾਰ ਦੀ ਤਰਾਂ ਔਰਤਾਂ ਦੀ ਸਿੱਖਿਆ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜ਼ੋ ਕੋਈ ਵੀ ਲੜਕੀ ਅਨਪੜ੍ਹ ਨਾ ਰਹਿ ਸਕੇ ਫਿਰ ਹੀ ਸਾਡੇ ਦੇਸ਼ ਦਾ ਬੇਟੀ ਬਚਾਓ ਬੇਟੀ ਪੜ੍ਹਾਓ ਦਾ ਸੁਪਨਾ ਪੂਰਾ ਹੋਵੇਗਾ।



## ਦਿਲ ਦੀ ਗੱਲ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ




ਜ਼ਰਾ ਦਿਲ ਦੀ ਗੱਲ ਸੁਣਾ ਤਾਂ ਸਹੀ।

ਕਿਉਂ ਦੂਰ ਹੈਂ ਨੇੜੇ ਆ ਤਾਂ ਸਹੀ।

ਕਿਤੇ ਵਿਛੜੇ ਹੀ ਨਾ ਮਰ ਜਾਈਏ,

ਗਲਵੱਕੜੀ ਪਾ, ਗਲ਼ ਲਾ ਤਾਂ ਸਹੀ।

ਕੀ ਰੱਖਿਐ ਪੀਜ਼ੇ ਬਰਗਰ ਵਿੱਚ,

ਕਦੇ ਰੋਟੀ-ਦਾਲ਼ ਵੀ ਖਾ ਤਾਂ ਸਹੀ।

ਦੂਰੋ-ਦੂਰੀ ਵਿੱਚ ਕੀ ਹੈ ਮਜ਼ਾ,

ਗੁੱਸੇ-ਰੁੱਸੇ ਨੂੰ ਮਨਾ ਤਾਂ ਸਹੀ।

ਮਿਟ ਜਾਣੀ ਉਦਾਸੀ ਪਲ-ਭਰ ਵਿੱਚ,

ਹਰ ਇੱਕ ਨੂੰ ਹੱਸ ਬੁਲਾ ਤਾਂ ਸਹੀ।

ਗੰਧਲਾ-ਧੁੰਦਲਾ ਮਾਹੌਲ ਬੜਾ,

ਕੁਝ ਦੀਵੇ-ਚਿਰਾਗ਼ ਜਗਾ ਤਾਂ ਸਹੀ।

ਚਹੁੰ ਪਾਸੀਂ ਸ਼ੋਰ-ਸ਼ਰਾਬਾ ਹੈ,

ਚੰਦ ਬੋਲ ਪਿਆਰ ਦੇ ਗਾ ਤਾਂ ਸਹੀ।

ਲੋਅ ਅੰਦਰ ਆਉਣ ਨੂੰ ਤਰਸ ਰਹੀ,

ਖਿੜਕੀ-ਪਰਦਾ ਸਰਕਾ ਤਾਂ ਸਹੀ।

## ਬਾਬਾ ਨਾਨਕ

ਵਰਲਡ ਪੰਜਾਬੀ ਟਾਈਮਜ਼
ਰੀਤੂ ਕਲਸੀ



ਮੇਰੇ ਬਾਬਾ ਨਾਨਕ ਨੇ

ਕੀ-ਕੀ ਨਹੀਂ ਕੀਤਾ

ਜ਼ਾਤਪਾਤ ਦੇ ਖਾਤਮੇ ਲਈ।

ਤੇ ਅਸੀਂ ਕੀ ਕੀ ਨਹੀਂ ਕੀਤਾ

ਜ਼ਾਤਪਾਤ ਨੂੰ ਵਧਾਉਣ ਲਈ।

ਗੁਰਦੁਆਰੇ ਬਣਾ ਲਏ

ਆਪੋ-ਆਪਣੇ

ਆਖ ਕੇ ਕਿ ਇਹ ਜੱਟਾਂ ਦਾ,

ਇਹ ਰਵਿਦਾਸੀਆਂ ਦਾ,

ਇਹ ਮਜ਼੍ਹਬੀਆਂ ਦਾ।

ਸ਼ੁਕਰ ਹੈ ਮੁੱਕਿਆ ਨਹੀਂ

ਫਿਰ ਵੀ, ਹਰ ਥਾਂ

ਲੰਗਰ ਹੈ ਬਾਬੇ ਦਾ।

ਲੰਗਰ ਵੇਲੇ

ਬਾਬੇ ਦਾ ਨਾਂ ਜਪਦਾ 'ਵਾਹਿਗੁਰੂ ਵਾਹਿਗੁਰੂ' ਆਖਦਾ।

ਇਸੇ ਬਹਾਨੇ ਭੁੱਲ ਜਾਂਦਾ ਜ਼ਾਤਪਾਤ।

ਕਾਸ਼! ਮੇਰਾ ਬਾਬਾ ਨਾਨਕ ਫੇਰ ਤੋਂ ਆਵੇ

ਸਭ ਨੂੰ ਮੱਤ ਦੇਵੇ

ਵੇਖੇ ਆ ਕੇ

ਕੋਈ ਕੁਝ ਨਹੀਂ ਸਮਝਣਾ ਚਾਹੁੰਦਾ,

ਕੋਈ ਕੁਝ ਨਹੀਂ।

ਬਸ ਮੈਂ ਮੈਂ ਕਰਦਾ

ਤੇਰੇ ਵਾਂਗ ਕੋਈ ਤੇਰਾ ਤੇਰਾ ਨਾ ਕਰਦਾ।

## ਪੰਜਾਬੀ ਮਾਂ ਬੋਲੀ ਰਹੀ ਹਾਂ

ਵਰਲਡ ਪੰਜਾਬੀ ਟਾਈਮਜ਼
ਬਲਜਿੰਦਰ ਕੌਰ ਸ਼ੇਰਗਿੱਲ

ਭਰੇ ਸੱਥ 'ਚ ਬੋਲ ਰਹੀ ਹਾਂ,
ਭੇਦ ਦਿਲਾਂ ਦੇ ਖੋਲ ਰਹੀ ਹਾਂ,
ਪੰਜਾਬ ਦੇ ਵਰਕੇ ਫਰੋਲ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲ ਰਹੀ ਹਾਂ।

ਦੇਖਿਆ ਬੱਚਿਆਂ ਦਾ ਜਦ ਬਸਤਾ,
ਹਾਲਤ ਮੇਰੀ ਹੋ ਗਈ ਖਸਤਾ
ਘਰ ਤੋਂ ਆਪਣੇ ਡੋਲ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲ ਰਹੀ ਹਾਂ।

ਖ਼ਤਮ ਹੋ ਗਏ ਹੁਣ ਟਾਟ ਵਿਛਾਏ,
ਕਿਉਂ ਪੋਚ ਦਿੱਤੀ ਗਈ ਫੱਟੀ,
ਇਹ ਸਾਰੇ ਜਵਾਬ ਢੰਢੋਲ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲ ਰਹੀ ਹਾਂ।




ਨੇਮ ਪਲੇਟਾਂ ਅੰਗਰੇਜ਼ੀ 'ਚ ਲਾ ਕੇ,
ਵੱਡਿਆਂ ਨਾਲ ਯਰਾਨੇ ਪਾ ਕੇ,
ਮਨ ਦੇ ਬੂਹੇ ਖੋਲ੍ਹ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲ ਰਹੀ ਹਾਂ।

ਗੁਰੂਆਂ ਦੀ ਬਾਣੀ ਹੱਥ ਫੜਾ ਕੇ,
ਬੁੱਲ੍ਹੇ, ਵਾਰਿਸ ਦੀ ਕਾਵਿ ਕਿਆਰੀ ਲਾ ਕੇ,
"ਬਲਜਿੰਦਰ" ਤੋਂ ਲਿਖ਼ਤਾਂ ਲਿਖਵਾ ਕੇ,
ਸਭ ਖਰੀਆਂ ਗੱਲਾਂ ਟਟੋਲ ਰਹੀ ਹਾਂ,
ਮੈਂ ਪੰਜਾਬੀ ਮਾਂ ਬੋਲੀ ਬੋਲੀ ਰਹੀ ਹਾਂ।